CANADA
(British Columbia Office)
Unit 202, 12677, 80th Avenue,
Surrey BC, V3W 3A6, Canada
Tel: +1 778 833 0973

(Ontario Office)
2980 Drew Road, Unit # 223B,
Mississauga, ON L4T 0A7, Canada
Tel: +1 905 672 2245

unitedsikhs-canada@unitedsikhs.org

UNITED SIKHS
Recognize the Human Race as One
WWW.UNITEDSIKHS.ORG
contact@unitedsikhs.org

*To transform underprivileged and minority communities and individuals into informed and vibrant members of society through civic, educational and personal development programs, by fostering active participation in social and economic activity.*



ਯੂਨਾਈਟਡ ਸਿੱਖਸ ਸੰਸਥਾ ਦੇ ਮਜਿੰਦਰਪਾਲ ਕੌਰ, ਕੈਨੇਡਾ ਦੇ ਸਰੀ ਵਿਚ ਸਿੱਖ ਅਕੈਡਮੀ ਵਿਚ ਅਤਿਆਚਾਰ ਦੇ ਵਿਰੋਧ ਵਿਚ ਚਲਾਈ ਜਾ ਰਹੀ ਗੁੱਡ ਵਿੱਲ ਵਾਕ ਬਾਰੇ ਜਾਗਰੂਕਤਾ ਵਧਾਉਂਦੇ ਹੋਏ।

***ਯੂਨਾਈਟਡ ਸਿੱਖ ਦੇ ਇੰਟਰਨੈਸ਼ਨਲ ਲੀਗਲ ਡਾਇਰੈਕਟਰ ਮੇਜਿੰਦਰਪਾਲ ਕੌਰ ਨੇ ਕਿਹਾ "ਅਸੀਂ ਇਸ ਕਰਕੇ ਵਾਕ ਵਿਚ ਹਿੱਸਾ ਨਹੀਂ ਲਵਾਗੇ ਕਿਉਂਕਿ ਅਸੀਂ ਅਤਿਆਚਾਰ ਫੈਲਾਉਣ ਵਾਲਿਆਂ ਨੂੰ ਬਦਲ ਸਕਦੇ ਹਾਂ, ਸਗੋਂ ਇਸ ਕਰਕੇ ਹਿੱਸਾ ਲਵਾਂਗੇ ਤਾਂ ਜੋ ਅਸੀਂ ਇਹ ਦਰਸਾ ਸਕੀਏ ਕਿ ਅਤਿਆਚਾਰ ਸਾਨੂੰ ਬਦਲ ਨਹੀਂ ਸਕੇਗਾ; ਇਸ ਲਈ ਕਿ ਅਸੀਂ ਇਸਨੂੰ ਭੁੱਲ ਜਾਣ ਦੇ ਵਿਰੁੱਧ, ਇਸ ਬਾਰੇ ਚੁੱਪ ਰਹਿਣ ਦੇ ਵਿਰੁੱਧ, ਅਤੇ ਅਤਿਆਚਾਰ ਦੇ ਵਿਰੁੱਧ ਵਿਚ ਖੜ੍ਹੇ ਹੋਈਏ।"***

ਵੈਨਕੂਵਰ, ਬੀ ਸੀ, ਕੈਨੇਡਾ - 23 ਸਤੰਬਰ 2014
ਨਵੰਬਰ 1984 ਵਿਚ ਦਿੱਲੀ ਅਤੇ ਭਾਰਤ ਭਰ ਵਿਚ ਕੀਤੇ ਗਏ ਸਿੱਖਾਂ ਦੀ ਨਸਲਕੁਸ਼ੀ ਦੇ ਜ਼ਖਮ ਅਜੇ ਵੀ ਅੱਲ੍ਹੇ ਹਨ। ਇਸ ਨਸਲਕੁਸ਼ੀ ਤੋਂ ਬਾਅਦ ਪਿੱਛੇ ਰਹਿ ਗਈਆਂ ਵਿਧਵਾਵਾਂ ਅਤੇ ਯਤੀਮ ਬੱਚਿਆਂ ਨੇ ਨਿਆਂ ਪ੍ਰਾਪਤ ਨਹੀਂ ਕੀਤਾ ਹੈ, ਅਤੇ ਉਨ੍ਹਾਂ ਦੀਆਂ ਆਵਾਜ਼ਾਂ ਨੂੰ ਸੁਣਿਆਂ ਨਹੀਂ ਗਿਆ ਹੈ। "ਸਾਡੇ ਮ੍ਰਿਤਕ ਕਿੱਥੇ ਹਨ" ਯੂਨਾਈਟਡ ਸਿੱਖਸ ਦੁਆਰਾ ਤਿਆਰ ਕੀਤੀ ਗਈ ਇਕ ਡਾਕੂਮੈਂਟਰੀ ਹੈ ਜੋ ਸਾਨੂੰ ਇਹ ਯਾਦ ਕਰਵਾਉਂਦੀ ਹੈ ਕਿ ਨਵੰਬਰ 1984 ਵਾਲਾ ਅਤਿਆਚਾਰ ਅੱਜ ਵੀ ਜਾਰੀ ਹੈ।

ਵੈਸੇ ਅਤਿਆਚਾਰ ਦੀਆਂ ਅਜਿਹੀਆਂ ਕਾਰਵਾਈਆਂ ਤੋਂ ਸਿੱਖਿਆ ਲੈ ਕੇ ਸਿੱਖ ਇਕ ਭਾਈਚਾਰੇ ਦੇ ਵੱਜੋਂ ਅਤਿਆਚਾਰ ਦੇ ਸਾਰੇ ਪੀੜ੍ਹਿਤਾਂ ਦੇ ਨਾਲ ਖੜ੍ਹਦੇ ਹਨ: ਚਾਹੇ ਇਹ ਪੀੜ੍ਹਿਤ ਨਫ਼ਰਤੀ ਹਿੰਸਾ, ਘਰੇਲੂ ਹਿੰਸਾ, ਬਦਮਾਸ਼ੀ, ਨਸ਼ਿਆਂ, ਆਤਮ ਹੱਤਿਆ, ਮਨੁੱਖੀ ਤਸਕਰੀ, ਗੁੰਮਸ਼ੁਦਗੀਆਂ, ਯੁੱਧ ਜਾਂ ਨਸਲਕੁਸ਼ੀ ਦੇ ਸ਼ਿਕਾਰ ਹੋਣ। ਇਸ ਭਾਵਨਾ ਦੇ ਵਿਚ,

ਯੂਨਾਈਟਡ ਸਿੱਖਸ ਅਤਿਆਚਾਰ ਦੇ ਵਿਰੋਧ ਵਿਚ, ਵੈਨਕੂਵਰ ਵਿਚ 25 ਅਕਤੂਬਰ 2014 ਨੂੰ ਗੁੱਡ ਵਿੱਲ ਵਾਕ ਦਾ ਆਯੋਜਨ ਕਰ ਰਹੀ ਹੈ। ਇਸਦਾ ਮੇਜ਼ਬਾਨ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦਾ ਸਿੱਖ ਭਾਈਚਾਰਾ ਹੋਏਗਾ ਜੋ ਕਿ ਨਵੰਬਰ 1984 ਦੀ ਸਿੱਖਾਂ ਦੀ ਨਸਲਕੁਸ਼ੀ ਦੇ 30ਵੀਂ ਵਰੇਗੰਢ ਮਨਾਉਣ ਲਈ ਤੁਰੇਗਾ।

ਬੀ ਸੀ ਦੇ ਪ੍ਰੀਮੀਅਰ, ਕ੍ਰਿਸਟੀ ਕਲਾਰਕ ਨੂੰ ਵਾਕ ਦਾ ਉਦਾਘਟਨ ਕਰਨ ਲਈ ਸੱਦਾ ਦਿੱਤਾ ਗਿਆ ਹੈ। ਅਸੀਂ ਫਰਸਟ ਨੇਸ਼ਨ, ਮਸਜਿਦਾਂ, ਚਰਚਾਂ, ਮੰਦਰਾਂ ਅਤੇ ਸਾਈਨਾਗੋਗਜ਼ ਦੇ ਨੁਮਾਇੰਦਿਆਂ, ਵਿਦਿਆਰਥੀਆਂ ਅਤੇ ਓਹ ਐਨ ਜੀ ਓਜ਼ ਜੋ ਕਿ ਅਤਿਆਚਾਰ ਦੇ ਪੀੜ੍ਹਿਤਾਂ ਦੀ ਸੇਵਾ ਕਰਦੇ ਹਨ, ਨੂੰ ਸੱਦਾ ਦੇ ਰਹੇ ਹਾਂ। ਇਹ ਯਕੀਨੀ ਬਣਾਉਣ ਲਈ ਕਿ ਭਾਈਚਾਰੇ ਦੇ ਸਾਰੇ ਹਿੱਸਿਆਂ ਨੂੰ ਇਸ ਯਾਦਗਾਰੀ ਵਾਕ ਜਿਸਦਾ ਨਾਅਰਾ **'ਅਤਿਆਚਾਰ ਬਾਰੇ ਧਾਰਨ ਕੀਤੀ ਚੁੱਪ ਨੂੰ ਖਤਮ ਕਰੋ'** ਹੈ, ਵਿਚ ਪ੍ਰਤੀਨਿੱਧਤਾ ਮਿਲਦੀ ਹੈ, ਯੂਨਾਈਟਡ ਸਿੱਖਸ ਨੇ ਸਥਾਨਕ ਆਗੂਆਂ ਅਤੇ ਸੰਗਠਨਾਂ ਦੇ ਨਾਲ ਹੱਥ ਮਿਲਾਇਆ ਹੈ।

ਯੂਨਾਈਟਡ ਸਿੱਖਸ ਇੰਟਰਨੈਸ਼ਨਲ ਦੇ ਲੀਗਲ ਡਾਈਰੈਕਟਰ, ਮਜਿੰਦਰਪਾਲ ਕੌਰ ਜੋ ਕਿ ਇਸ ਵਾਕ ਦਾ ਆਯੋਜਨ ਕਰ ਰਹੇ ਹਨ, ਨੇ ਕਿਹਾ "ਅੱਜ ਅਸੀਂ, ਗਾਜ਼ਾ, ਸੀਰੀਆ, ਇਰਾਕ, ਯੂਕਰੇਨ ਵਿਚ ਨਿਰਦੋਸ਼ ਪੀੜ੍ਹਿਤਾਂ ਦੇ ਖਿਲਾਫ਼ ਨਿਰੰਤਰ ਚੱਲ ਰਹੀ ਹਿੰਸਾ; ਔਰਤਾਂ ਦੇ ਵਿਰੋਧ ਵਿਚ ਜਾਰੀ ਹਿੰਸਾ, ਗੁਲਾਮੀ ਅਤੇ ਸੈਕਸ ਲਈ ਤਸਕਰੀ ਕੀਤੇ ਗਏ ਬੱਚਿਆਂ ਦੇ ਵਿਰੁੱਧ ਜਾਰੀ ਅਤਿਆਚਾਰ ਦੇਖ ਰਹੇ ਹਾਂ। ਇਸ ਦੇ ਜੁਆਬ ਵਿਚ ਅਸੀਂ ਚੁੱਪ ਕਰਕੇ ਨਹੀਂ ਬੈਠ ਸਕਦੇ ਅਤੇ ਇਸ ਕਰਕੇ ਅਸੀਂ ਇਸਦਾ ਵਿਰੋਧ ਕਰਦੇ ਹਾਂ ਅਤੇ ਕਹਿੰਦੇ ਹਾਂ "ਨਹੀਂ"।

"ਹਰ ਤਰ੍ਹਾਂ ਦਾ ਅਤਿਆਚਾਰ ਗਲਤ ਹੈ ਅਤੇ ਜਦੋਂ ਅਸੀਂ ਇਸ ਬਾਰੇ ਚੁੱਪ ਰਹਿੰਦੇ ਹਾਂ ਅਸੀਂ ਓਨੇ ਹੀ ਦੋਸ਼ੀ ਹੁੰਦੇ ਹਾਂ ਜਿੰਨਾ ਕਿ ਅਤਿਆਚਾਰ ਕਰਨ ਵਾਲਾ ਵਿਅਕਤੀ ਹੁੰਦਾ ਹੈ"। ਮੈਂ ਗੁੱਡ ਵਿੱਲ ਵਾਕ ਵਿਚ ਭਾਗ ਲੈ ਰਹੀ ਹਾਂ ਕਿਉਂਕਿ ਮੈਂ ਇਹ ਦਰਸਾਉਣਾ ਚਾਹੁੰਦੀ ਹਾਂ ਕਿ ਮੈਂ ਭਿਆਨਕ ਦੁਰਵਿਹਾਰ ਦੇ ਬਾਅਦ ਜੀਵਿਤ ਰਹਿਣ ਦੇ ਬਾਅਦ ਸੰਘਰਸ਼ ਕਰ ਰਹੀ ਹਾਂ," ਇਹ ਗੱਲ ਕਮਲ ਕੌਰ ਢਿੱਲੋਂ ਨੇ ਕਹੀ, ਜਿਸਦੇ ਅਤਿਆਚਾਰ ਨਾਲ ਹੋਏ ਉਸਦੇ ਖੁਦ ਦੇ ਤਜ਼ਰਬੇ ਨੇ ਉਸਨੂੰ ਅਤਿਆਚਾਰ ਦੇ ਵਿਰੁੱਧ, ਪੁਰਸਕਾਰ ਜੇਤੂ ਅੰਤਰਰਾਸ਼ਟਰੀ ਲੇਖਕ-ਵਕੀਲ ਬਣਾ ਦਿੱਤਾ ਹੈ।

ਯੂਨਾਈਟਡ ਸਿੱਖਸ ਨੇ ਬੀ ਸੀ ਦੇ ਗੁਰੂਦੁਆਰਿਆਂ ਤੋਂ ਇਸ ਸਬੰਧ ਵਿਚ ਬਹੁਤ ਵਧੀਆ ਪ੍ਰਤੀਕ੍ਰਿਆ ਮਿਲੀ ਹੈ। ਇਹ ਗੁਰੂਦੁਆਰੇ ਸ਼ੁੱਧ ਸ਼ਾਕਾਹਾਰੀ ਰੋਟੀ ਦਾ ਲੰਗਰ ਤਿਆਰ ਕਰਨਗੇ ਜੋ ਕਿ ਜਨਤਾ ਨੂੰ ਵਾਕ ਦੇ ਦੌਰਾਨ ਵਰਤਾਇਆ ਜਾਵੇਗਾ ਤਾਂ ਜੋ ਭਾਈਚਾਰਕ ਭਾਵਨਾ ਅਤੇ ਮਨੁੱਖਤਾਵਾਦ ਨੂੰ ਉਤਸ਼ਾਹਤ ਕੀਤਾ ਜਾ ਸਕੇ। ਇਸ ਦੇ ਇਲਾਵਾ ਇਹ ਗੁਰੂਦੁਆਰੇ ਉਨ੍ਹਾਂ ਦੀ ਸੰਗਤ ਦੁਆਰਾ ਅਤਿਆਚਾਰ ਦੇ ਵਿਰੁੱਧ ਕੀਤੀ ਜਾ ਰਹੀ ਗੁੱਡ ਵਿੱਲ ਵਾਕ ਵਿਚ ਭਾਗ ਲੈਣ ਲਈ ਵੀ ਪ੍ਰਬੰਧ ਕਰਨਗੇ। ਅਸੀਂ ਅਤਿਆਚਾਰ ਦੇ ਵਿਰੁੱਧ ਕੀਤੀ ਜਾ ਰਹੀ ਇਸ ਗੁੱਡ ਵਿੱਲ ਵਾਕ ਵਿਚ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਲਈ ਸਿੱਖ ਭਾਈਚਾਰੇ ਦੇ ਸਕੂਲਾਂ ਵਿਚ ਵੀ ਜਾ ਰਹੇ ਹਾਂ। ਅਸੀਂ ਇਸ ਵਾਕ ਵਿਚ ਭਾਗ ਲੈਣ ਵਾਲੇ ਹਰੇਕ ਸਿੱਖ ਵਾਕਰ ਨੂੰ ਬੇਨਤੀ ਕੀਤੀ ਹੈ ਕਿ ਉਹ ਕਿਸੇ ਗੈਰ-ਸਿੱਖ ਗੁਆਂਢੀ, ਸਹਿਕਰਮੀ ਜਾਂ ਦੋਸਤ ਨੂੰ ਵਾਕ ਵਿਚ ਭਾਗ ਲੈਣ ਲਈ ਸੱਦਾ ਦੇਣ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਾਈਚਾਰੇ ਦੇ ਸਾਰੇ ਸੈਕਸ਼ਨ ਵਾਕ ਦੇ ਨਾਅਰੇ 'ਅਤਿਆਚਾਰ ਬਾਰੇ ਧਾਰਨ ਕੀਤੀ ਚੁੱਪ ਨੂੰ ਖਤਮ ਕਰੋ' ਨੂੰ ਬੁਲੰਦ ਕਰਨ ਲਈ ਵਾਕ ਵਿਚ ਆਉਂਦੇ ਹਨ।

ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਸਮੂਹ, ਸੰਗਠਨ, ਸਕੂਲ ਵਿਚ ਜਾਂ ਪੂਜਾ ਦੇ ਸਥਾਨ ਤੇ ਅਤਿਆਚਾਰ ਦੇ ਵਿਰੁੱਧ ਕੀਤੀ ਜਾ ਰਹੀ ਇਸ ਗੁੱਡ ਵਿੱਲ ਵਾਕ ਬਾਰੇ ਪ੍ਰਸਤੁਤੀ ਦੇਈਏ, ਤਾਂ ਸਾਨੂੰ gww-canada@unitedsikhs.org ਤੇ ਈਮੇਲ ਕਰੋ। ਸਿੱਖ ਭਾਈਚਾਰੇ ਦੀ ਤਰਫ਼ੋਂ, ਅਸੀਂ ਤੁਹਾਨੂੰ ਟੋਟਮ ਪੋਲਜ਼ (ਸਟੇਨਲੇ ਪਾਰਕ) ਤੋਂ ਕਾਮਾਗਾਟਾ ਮਾਰੂ ਮੈਮੋਰੀਅਲ, ਕੋਲ ਹਾਰਬਰ, ਵੈਨਕੂਵਰ ਤੱਕ ਅਤਿਆਚਾਰ ਦੇ ਵਿਰੁੱਧ ਏਕਤਾ ਦੇ ਮੁਜ਼ਾਹਰੇ ਵਿਚ ਹਜ਼ਾਰਾਂ ਵਾਕਰਾਂ ਦੀ ਇਸ ਗਤੀਵਿਧੀ ਵਿਚ ਨਾਲ ਖੜ੍ਹਨ ਲਈ ਕਹਿੰਦੇ ਹਨ।

**ਅਤਿਆਚਾਰ ਦੇ ਵਿਰੋਧ ਵਿਚ ਕੀਤੀ ਜਾਣ ਵਾਲੀ ਗੁੱਡ ਵਿੱਲ ਵਾਕ ਦੇ ਵੇਰਵੇ**

ਤਾਰੀਖ: ਸ਼ਨੀਵਾਰ 25 ਅਕਤੂਬਰ, 2014 ਨੂੰ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ
ਸ਼ੁਰੂਆਤ ਦਾ ਸਥਾਨ: ਟੋਟਮ ਪੋਲਜ਼, ਬ੍ਰੋਕਟਨ ਪੁਆਇੰਟ, ਸਟੇਨਲੇ ਪਾਰਕ, ਵੈਨਕੂਵਰ
ਸਮਾਪਤੀ ਸਥਾਨ: ਕਾਮਾਗਾਟਾ ਮਾਰੂ ਮੈਮੋਰੀਅਲ ਸਾਇਟ, ਕੋਲ ਹਾਰਬਰ, ਵੈਨਕੂਵਰ

**ਯੂਨਾਈਟਡ ਸਿੱਖਸ ਦੁਆਰਾ ਪਹਿਲਾਂ ਕੀਤੇ ਗਏ ਇਸ ਤਰ੍ਹਾਂ ਦੇ ਆਯੋਜਨ**
ਯੂਨਾਈਟਡ ਸਿੱਖਸ ਦੁਆਰਾ ਆਯੋਜਿਤ ਪਹਿਲੀ ਗੁੱਡ ਵਿੱਲ ਵਾਕ ਮਲੇਸ਼ੀਆ ਵਿਚ ਮਈ 2014 ਵਿਚ ਕੀਤੀ ਗਈ ਅਤੇ ਇਹ ਉਨ੍ਹਾਂ ਸਵਾਰੀਆਂ ਅਤੇ ਮਲੇਸ਼ੀਆ ਏਅਰਲਾਈਨ ਦੀ ਫਲਾਇਟ ਐਮ ਐਚ 370 ਦੇ ਕਰਮਚਾਰੀਆਂ ਨੂੰ ਸਮਰਪਿਤ ਸੀ ਜੋ ਕਿ 8 ਮਾਰਚ 2014 ਦੀ ਫਲਾਇਟ ਦੇ ਮੱਧ ਵਿਚ ਗੁੰਮ ਹੋ ਗਏ। ਮਲੇਸ਼ੀਆ ਵਾਕ ਦੇ ਦੌਰਾਨ ਵਾਕ ਵਿਚ ਭਾਗ ਲੈਣ ਵਾਲੇ ਇਕ ਦਿਨ ਵਿਚ ਦਸ ਘੰਟੇ ਤੁਰੇ ਅਤੇ ਉਨ੍ਹਾਂ ਨੇ ਅੱਠ ਦਿਨਾਂ ਵਿਚ 300 ਕਿਲੋਮੀਟਰ ਤੈਅ ਕੀਤੇ। ਇਸ ਵਾਕ ਦੇ ਬਾਰੇ ਹੋਰ ਜਾਣਕਾਰੀ http://unitedsikhs.org/Good_Will_Walk_2014/ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ

ਯੂਨਾਈਟਡ ਸਿੱਖਸ ਨੇ 2012 ਵਿਚ ਲੰਗਰ ਦਾ ਆਯੋਜਨ ਕੀਤਾ ਜਦੋਂ ਉਸ ਸਮੇਂ 101 ਸਾਲ ਦੇ ਫ਼ੌਜਾ ਸਿੰਘ ਓਲੰਪਿਕ ਦੀ ਮਸ਼ਾਲ ਨਾਲ ਲੰਡਨ, ਯੂ ਕੇ ਵਿਚ ਦੌੜੇ। ਇਹ ਲੰਗਰ 20 ਗੁਰੂਦੁਆਰਿਆਂ ਦੁਆਰਾ ਤਿਆਰ ਕੀਤਾ ਗਿਆ ਸੀ ਅਤੇ 30 ਕਿਲੋਮੀਟਰ ਦੇ ਰਸਤੇ ਤੇ ਨਾਲ-ਨਾਲ ਇਸਨੂੰ ਵਰਤਾਇਆ ਗਿਆ ਸੀ। ਇਸ ਸਮਾਗਮ ਬਾਰੇ ਹੋਰ ਜਾਣਕਾਰੀ ਇੱਥੇ http://www.unitedsikhs.org/PressReleases/PRSRLS-20-07-2012-00.html ਦੇਖੀ ਜਾ ਸਕਦੀ ਹੈ।

ਜਾਰੀ ਕਰਤਾ-
ਮਜਿੰਦਰਪਾਲ ਕੌਰ
ਇੰਟਰਨੈਸ਼ਨਲ ਲੀਗਲ ਡਾਇਰੈਕਟਰ
ਯੂਨਾਈਟਡ ਸਿੱਖਸ
Gww-canada@unitedsikhs.org
ਟੈਲੀ: +1778.833.0973